# ਰਫਿਊਜੀ ਵਜੋਂ ਹਿਫਾਜ਼ਤ ਦੇ ਦਾਅਵੇਦਾਰਾਂ ਲਈ ਅਹਿਮ ਹਿਦਾਇਤਾਂ

ਇਹ ਦਸਤਾਵੇਜ ਰਫਿਊਜੀ ਵਜੋਂ ਹਿਫਾਜ਼ਤ ਦੇ ਤੁਹਾਡੇ ਦਾਅਵੇ ਬਾਰੇ ਤੁਹਾਨੂੰ ਅਹਿਮ ਜਾਣਕਾਰੀ ਦਿੰਦਾ ਹੈ ਜਿਸ ਵਿੱਚ ਹੇਠ ਲਿਖੇ ਵਰਗੀ ਅਜਿਹੀ ਜਾਣਕਾਰੀ ਸ਼ਾਮਲ ਹੈ ਜਿਸ ਨੂੰ ਧਿਆਨ ਵਿੱਚ ਰੱਖਣਾ ਤੁਹਾਡੇ ਲਈ ਲਾਜ਼ਮੀ ਹੈ:

1. ਤੁਹਾਨੂੰ ਹੱਕ ਹੈ ਕਿ ਆਪਣੇ ਖਰਚੇ ’ਤੇ ਵਕੀਲ ਕਰ ਸਕੋਂ ਪਰ ਤੁਹਾਡਾ ਚੁਣਿਆ ਵਕੀਲ ਤੁਹਾਡੀ ਸੁਣਵਾਈ ਦੀ ਤਾਰੀਖ ਨੂੰ ਉਪਲਬਧ ਹੋਣਾ ਚਾਹੀਦਾ ਹੈ।
2. ਰਫਿਊਜੀ ਵਜੋਂ ਹਿਫਾਜ਼ਤ ਦੇ ਆਪਣੇ ਦਾਅਵੇ ਦੀ ਹਿਮਾਇਤ ਕਰਦੇ ਕੋਈ ਵੀ ਕਾਗਜ਼ਾਤ ਹਾਸਲ ਕਰਨ ਅਤੇ ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਆਫ ਕੈਨੇਡਾ (ਆਈ.ਆਰ.ਬੀ.) [Immigration and Refugee Board of Canada (IRB)] ਦੇ ਰਫਿਊਜੀ ਪ੍ਰੋਟੈਕਸ਼ਨ ਡਿਵੀਯਨ (ਆਰ.ਪੀ.ਡੀ.) [Refugee Protection Division (RPD)] ਨੂੰ ਪਹੁੰਚਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ। ਤੁਹਾਨੂੰ ਬਿਨਾ ਕਿਸੇ ਦੇਰੀ ਦੇ ਇਹ ਹਿਮਾਇਤੀ ਕਾਗਜ਼ਾਤ ਹਾਸਲ ਕਰਨ ਲਈ ਫੌਰੀ ਇੰਤਜ਼ਾਮ ਕਰਨਾ ਹੋਵੇਗਾ।

## ਦਾਅਵਾ ਕਰਨਾ

ਕਿਸੇ ਸਰਹੱਦੀ ਲਾਂਘੇ (ਹਵਾਈ ਅੱਡੇ, ਬੰਦਰਗਾਹ ਜਾਂ ਕੈਨੇਡਾ-ਯੂਨਾਈਟਿਡ ਸਟੇਟਸ ਸਰਹੱਦ) ਜਾਂ ਕਿਸੇ ਅੰਦਰੂਨੀ ਚੌਕੀ (ਕੈਨੇਡਾ ਅੰਦਰ) ਵਿਖੇ ਕਿਸੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) [Canada Border Services Agency (CBSA)] ਜਾਂ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) [Immigration, Refugees and Citizenship Canada (IRCC)] ਦੇ ਕਿਸੇ ਅਫਸਰ ਨਾਲ ਗੱਲ ਕਰ ਕੇ ਤੁਸੀਂ ਰਫਿਊਜੀ ਵਜੋਂ ਦਾਅਵਾ ਕਰ ਸਕਦੇ ਹੋ। ਅਫਸਰ ਫੈਸਲਾ ਕਰੇਗਾ ਕਿ ਕੀ ਤੁਹਾਡਾ ਦਾਅਵਾ ਕਿਸੇ ਆਰ.ਪੀ.ਡੀ. ਸੁਣਵਾਈ ਲਈ ਭੇਜੇ ਜਾਣ ਦੇ ਯੋਗ ਹੈ ਜਾਂ ਨਹੀਂ। ਤੁਹਾਨੂੰ ਇਸ ਗੱਲ ਦੀ ਤਸਦੀਕ ਕਰਦਾ ਇੱਕ *ਕਨਫਰਮੇਸ਼ਨ ਆਫ ਰੈਫਰਲ* ਫਾਰਮ [*Confirmation of Referral*] ਮਿਲੇਗਾ ਕਿ ਤੁਹਾਡਾ ਦਾਅਵਾ ਆਰ.ਪੀ.ਡੀ. ਨੂੰ ਭੇਜ ਦਿੱਤਾ ਗਿਆ ਹੈ। ਕਿਸੇ ਬਾਅਦ ਦੀ ਤਾਰੀਖ ’ਤੇ ਤੁਹਾਨੂੰ ਇੱਕ ਨੋਟਿਸ [*Notice to Appear*] ਮਿਲੇਗਾ ਜਿਸ ਵਿੱਚ ਦੱਸਿਆ ਜਾਵੇਗਾ ਕਿ ਕਿਸ ਤਾਰੀਖ਼, ਜਗ੍ਹਾ ਅਤੇ ਸਮੇਂ ’ਤੇ ਤੁਹਾਡੀ ਸੁਣਵਾਈ ਹੋਵੇਗੀ।

## ਦਾਅਵੇ ਦੇ ਆਧਾਰ ਦਾ ਫਾਰਮ

ਹਰ ਦਾਅਵੇਦਾਰ ਲਈ ਆਰ.ਪੀ.ਡੀ. ਨੂੰ ਦਾਅਵੇ ਦੇ ਆਧਾਰ (ਬੀ.ਓ.ਸੀ.) ਦਾ ਫਾਰਮ [Basis of Claim Form (BOC Form)] ਭਰ ਕੇ ਦੇਣਾ ਲਾਜ਼ਮੀ ਹੁੰਦਾ ਹੈ। ਜੇ ਤੁਸੀਂ ਆਪਣਾ ਦਾਅਵਾ ਕਿਸੇ ਅੰਦਰੂਨੀ ਚੌਕੀ ਤੋਂ ਕਰ ਰਹੇ ਹੋਵੋਂ ਤਾਂ ਤੁਹਾਨੂੰ ਆਪਣਾ ਬੀ.ਓ.ਸੀ. ਫਾਰਮ ਦਾਅਵਾ ਕਰਨ ਵੇਲੇ ਅਫਸਰ ਨੂੰ ਦੇਣਾ ਹੁੰਦਾ ਹੈ ਅਤੇ ਅਫਸਰ ਇਸ ਨੂੰ ਆਰ.ਪੀ.ਡੀ. ਨੂੰ ਭੇਜ ਦਿੰਦਾ ਹੈ। ਜੇ ਤੁਸੀਂ ਆਪਣਾ ਦਾਅਵਾ ਕਿਸੇ ਸਰਹੱਦੀ ਚੌਕੀ ’ਤੇ ਕਰੋਂ ਤਾਂ ਅਫਸਰ ਭਰਨ ਲਈ ਤੁਹਾਨੂੰ ਬੀ.ਓ.ਸੀ. ਫਾਰਮ ਦੇਵੇਗਾ। **ਆਪਣਾ ਭਰਿਆ ਹੋਇਆ ਫਾਰਮ ਆਰ.ਪੀ.ਡੀ. ਨੂੰ ਦੇਣਾ ਲਾਜ਼ਮੀ ਹੁੰਦਾ ਹੈ ਅਤੇ ਇਸ ਵਿੱਚ ਆਰ.ਪੀ.ਡੀ. ਨੂੰ ਭੇਜੇ ਜਾਣ ਦੀ ਤਾਰੀਖ ਦੇ 15 ਦਿਨ ਤੋਂ ਵੱਧ ਦੇਰੀ ਨਹੀਂ ਹੋਣੀ ਚਾਹੀਦੀ। ਤੁਹਾਡੇ ਲਈ ਇਸ ਨੂੰ ਤੁਹਾਡੇ *ਕਨਫਰਮੇਸ਼ਨ ਆਫ ਰੈਫਰਲ* ਫਾਰਮ ’ਤੇ ਦਿੱਤੇ ਪਤੇ ’ਤੇ ਦਾਇਰ ਕਰਨਾ ਲਾਜ਼ਮੀ ਹੁੰਦਾ ਹੈ ਚਾਹੇ ਤੁਸੀਂ ਕਨੇਡਾ ਦੇ ਕਿਸੇ ਹੋਰ ਹਿੱਸੇ ਵਿੱਚ ਵੀ ਕਿਉਂ ਨਾ ਰਹਿਣ ਲੱਗ ਪਵੋਂ।** ਜੇ ਇਸ ਮਿਤੀ ਤਕ ਤੁਸੀਂ ਆਪਣਾ ਬੀ.ਓ.ਸੀ. ਫਾਰਮ ਦਾਇਰ ਨਹੀਂ ਕਰਦੇ ਤਾਂ ਤੁਹਾਨੂੰ ਇੱਕ ਵਿਸ਼ੇਸ਼ ਸੁਣਵਾਈ ਵਿਖੇ ਪੇਸ਼ ਹੋਕੇ ਇਹ ਸਮਝਾਉਣਾ ਪਵੇਗਾ ਕਿ ਤੁਸੀਂ ਸਮੇਂ ਸਿਰ ਆਪਣਾ ਬੀ.ਓ.ਸੀ. ਫਾਰਮ ਕਿਉਂ ਦਾਇਰ ਨਹੀਂ ਕੀਤਾ। ਜੇ ਤੁਸੀਂ ਵਿਸ਼ੇਸ਼ ਸੁਣਵਾਈ ਲਈ ਹਾਜ਼ਰ ਨਹੀਂ ਹੁੰਦੇ ਜਾਂ ਤੁਸੀਂ ਕੋਈ ਵਾਜਬ ਵਜ੍ਹਾ ਪੇਸ਼ ਨਾ ਕਰ ਸਕੋਂ ਤਾਂ ਤੁਹਾਡਾ ਦਾਅਵਾ “ਤਿਆਗ ਦਿੱਤਾ ਗਿਆ” ਐਲਾਨਿਆ ਜਾ ਸਕਦਾ ਹੈ। ਜੇ ਤੁਸੀਂ ਆਪਣਾ ਬੀ.ਓ.ਸੀ. ਫਾਰਮ ਅੰਤਿਮ ਮਿਤੀ ਤੋਂ ਪਹਿਲਾਂ ਦਾਇਰ ਨਾ ਕਰੋਂ ਤਾਂ ਤਾਂ ਤੁਹਾਡੀ ਵਿਸ਼ੇਸ਼ ਸੁਣਵਾਈ ਦੀ ਮਿਤੀ, ਸਮੇਂ ਅਤੇ ਸਥਾਨ ਬਾਰੇ ਜਾਣਕਾਰੀ ਤੁਹਾਡੇ *ਕਨਫਰਮੇਸ਼ਨ ਆਫ ਰੈਫਰਲ* ਫਾਰਮ ’ਤੇ ਮਿਲੇਗੀ ਜੇਕਰ ਤੁਸੀਂ ਆਪਣਾ ਦਾਅਵਾ ਕਿਸੇ ਸਰਹੱਦੀ ਚੌਕੀ ’ਤੇ ਕੀਤਾ ਗਿਆ ਹੋਵੇ।

## ਸੁਣਵਾਈ ਲਈ ਤਾਰੀਖ਼ ਪਾਉਣਾ

ਬਾਅਦ ਵਿੱਚ ਕਿਸੇ ਤਾਰੀਖ਼ ਨੂੰ ਤੁਹਾਨੂੰ ਸੁਣਵਾਈ ਦੀ ਤਾਰੀਖ਼, ਸਮਾਂ ਅਤੇ ਜਗ੍ਹਾ ਦੱਸਦਾ ਪੇਸ਼ੀ ਦਾ ਇੱਕ ਨੋਟਿਸ (*Notice to Appear*) ਮਿਲੇਗਾ। ਜੇ ਤੁਸੀਂ ਪੇਸ਼ੀ ’ਤੇ ਨਹੀਂ ਆਉਂਦੇ ਤਾਂ ਤੁਹਾਨੂੰ ਇੱਕ ਵਿਸ਼ੇਸ਼ ਪੇਸ਼ੀ ਵਿਖੇ ਪੇਸ਼ ਹੋਣਾ ਪਵੇਗਾ ਜਿਸ ਵਿੱਚ ਤੁਹਾਨੂੰ ਦੱਸਣਾ ਪਵੇਗਾ ਕਿ ਤੁਸੀਂ ਪੇਸ਼ੀ ’ਤੇ ਕਿਉਂ ਨਹੀਂ ਆਏ। ਦਾਅਵਾ ਤਿਆਗ ਦੇਣ ਦੀ ਤੁਹਾਡੀ ਵਿਸ਼ੇਸ਼ ਸੁਣਵਾਈ ਦੀ ਤਾਰੀਖ, ਸਮੇਂ ਅਤੇ ਜਗ੍ਹਾ ਬਾਰੇ ਜਾਣਕਾਰੀ ਪੇਸ਼ੀ ਬਾਰੇ ਤੁਹਾਡੇ ਨੋਟਿਸ ਉੱਤੇ ਦਿੱਤੀ ਹੋਵੇਗੀ। ਜੇ ਤੁਸੀਂ ਵਿਸ਼ੇਸ਼ ਸੁਣਵਾਈ ਲਈ ਹਾਜ਼ਰ ਨਹੀਂ

.../2

ਹੁੰਦੇ ਜਾਂ ਵਿਸ਼ੇਸ਼ ਸੁਣਵਾਈ ਲਈ ਹਾਜ਼ਰ ਨਾ ਹੋਣ ਦੀ ਤੁਹਾਡੇ ਕੋਲ ਕੋਈ ਵਾਜਬ ਵਜ੍ਹਾ ਨਾ ਹੋਵੇ ਤਾਂ ਤੁਹਾਡਾ ਦਾਅਵਾ ਤਿਆਗ ਦਿੱਤਾ ਗਿਆ ਮੰਨਿਆ ਜਾਵੇਗਾ। ਜੇ ਆਰ.ਪੀ.ਡੀ. ਤੁਹਾਡਾ ਦਾਅਵਾ ਤਿਆਗਿਆ ਜਾ ਚੁੱਕਿਆ ਮੰਨ ਲਵੇ ਤਾਂ ਤੁਹਾਨੂੰ ਦਾਅਵਾ ਜਾਰੀ ਰੱਖਣ ਲਈ ਜਾਂ ਭਵਿੱਖ ਵਿੱਚ ਕੋਈ ਹੋਰ ਦਾਅਵਾ ਕਰਨ ਲਈ ਮਨਜ਼ੂਰ ਨਹੀਂ ਕੀਤਾ ਜਾਵੇਗਾ।

**ਤੁਹਾਡੀ ਸੁਣਵਾਈ**

ਸੁਣਵਾਈਆਂ ਲਈ ਆਮ ਤੌਰ ਤੇ ਅੱਧੇ ਦਿਨ ਦਾ ਸਮਾਂ ਰੱਖਿਆ ਜਾਂਦਾ ਹੈ, ਜਾਂ ਤਾਂ ਸਵੇਰ ਨੂੰ, ਜਾਂ ਦੁਪਹਿਰ ਨੂੰ। ਸੁਣਵਾਈਆਂ ਨਿਜੀ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਭੇਤ ਕਾਇਮ ਰੱਖਿਆ ਜਾਂਦਾ ਹੈ। ਤੁਹਾਡੀ ਸੁਣਵਾਈ ਬਾਰੇ ਫੈਸਲਾ ਆਰ.ਪੀ.ਡੀ. ਦੇ ਕਿਸੇ ਮੈਂਬਰ ਵੱਲੋਂ ਕੀਤਾ ਜਾਵੇਗਾ। ਆਰ.ਪੀ.ਡੀ. ਦਾ ਮੈਂਬਰ ਉਹ ਫੈਸਲਾਕਾਰ ਹੁੰਦਾ ਹੈ ਜਿਸ ਨੂੰ ਰਫਿਊਜੀਆਂ ਦੀ ਹਿਫਾਜ਼ਤ ਸੰਬੰਧੀ ਖਾਸ ਸਿਖਲਾਈ ਮਿਲੀ ਹੁੰਦੀ ਹੈ। ਸੁਣਵਾਈਆਂ ਜਾਂ ਤਾਂ ਨਿਜੀ ਪੇਸ਼ੀ ਰਾਹੀਂ ਹੁੰਦੀਆਂ ਹਨ ਜਾਂ ਮੈਂਬਰ ਦੇ ਕਿਸੇ ਹੋਰ ਜਗ੍ਹਾ ਹੋਣ ਦੀ ਸੂਰਤ ਵਿੱਚ ਵਿਡੀਉਕਾਨਫਰੰਸ ਰਾਹੀਂ। ਸੁਣਵਾਈ ਦੌਰਾਨ ਤੁਹਾਨੂੰ ਗਵਾਹੀ ਦੇਣੀ ਪਵੇਗੀ ਅਤੇ ਮੈਂਬਰ ਅਤੇ ਵਕੀਲ ਦੋਵਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਜੇ ਤੁਹਾਡੀ ਸੁਣਵਾਈ ਵਿੱਚ ਆਈ.ਆਰ.ਸੀ.ਸੀ. ਜਾਂ ਸੀ.ਬੀ.ਐੱਸ.ਏ. ਵੀ ਹਿੱਸਾ ਲੈ ਰਹੇ ਹੋਣ ਤਾਂ ਮੰਤਰੀ ਦਾ ਵਕੀਲ ਵੀ ਤੁਹਾਡੇ ਕੋਲੋਂ ਸਵਾਲ ਪੁੱਛੇਗਾ। ਜਦੋਂ ਤੁਸੀਂ ਅਤੇ ਹੋਰ ਜੋ ਵੀ ਗਵਾਹ ਹੋਣ, ਉਨ੍ਹਾਂ ਦੀਆਂ ਗਵਾਹੀਆਂ ਭੁਗਤ ਜਾਣ, ਮੈਂਬਰ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਇਹ ਗੱਲ ਸਮਝਾਉਣ ਲਈ ਆਖੇਗਾ ਕਿ ਤੁਸੀਂ ਕਿਉਂ ਸਮਝਦੇ ਹੋ ਕਿ ਤੁਸੀਂ **ਕਨਵੈਨਸ਼ਨ ਰਫਿਊਜੀ** ਹੋ ਜਾਂ **ਹਿਫਾਜ਼ਤ ਕੀਤੇ ਜਾਣ ਦੀ ਲੋੜ ਵਾਲੇ ਵਿਅਕਤੀ** ਹੋ।

- ਤੁਹਾਨੂੰ **ਕਨਵੈਨਸ਼ਨ ਰਫਿਊਜੀ** ਮੰਨਿਆ ਜਾਂਦਾ ਹੈ ਜੇ ਆਪਣੇ ਮੁਲਕ ਵਿੱਚ ਤੁਹਾਡੀ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸਮਾਜਕ ਦਲ ਵਿੱਚ ਮੈਂਬਰਸ਼ਿੱਪ ਜਾਂ ਆਪਣੀ ਰਾਜਨੀਤਕ ਸੋਚ ਕਰ ਕੇ ਜ਼ੁਲਮ ਤੁਹਾਡੇ 'ਤੇ ਜ਼ੁਲਮ ਕੀਤੇ ਜਾਣ ਦੇ ਡਰ ਦਾ ਨਿੱਗਰ ਆਧਾਰ ਹੋਵੇ।
- ਤੁਹਾਨੂੰ **ਹਿਫਾਜ਼ਤ ਕੀਤੇ ਜਾਣ ਦੀ ਲੋੜ ਵਾਲੇ ਵਿਅਕਤੀ** ਮੰਨਿਆ ਜਾਂਦਾ ਹੈ ਜੇ ਤੁਹਾਡੀ ਆਪਣੀ ਕੌਮੀਅਤ ਵਾਲੇ ਮੁਲਕ ਵਾਪਸ ਭੇਜੇ ਜਾਣ 'ਤੇ ਨਿਜੀ ਤੌਰ 'ਤੇ ਤੁਹਾਨੂੰ ਤਸ਼ੱਦਦ ਦਾ ਖਤਰਾ ਹੋਵੇ, ਜਾਨ ਦਾ ਖਤਰਾ ਹੋਵੇ ਜਾਂ ਕਿਸੇ ਜ਼ਾਲਮਾਨਾ ਅਤੇ ਗੈਰ-ਮਾਮੂਲੀ ਵਰਤਾਅ ਜਾਂ ਸਜ਼ਾ ਦਾ ਖਤਰਾ ਹੋਵੇ।

**ਫੈਸਲਾ**

ਹੋ ਸਕਦਾ ਹੈ ਮੈਂਬਰ ਤੁਹਾਡੇ ਮਾਮਲੇ ਵਿੱਚ ਫੈਸਲਾ ਕਰ ਕੇ ਸੁਣਵਾਈ ਦੇ ਅੰਤ 'ਤੇ ਤੁਹਾਨੂੰ ਦੱਸ ਦੇਵੇ ਜਾਂ ਹੋ ਸਕਦਾ ਹੈ ਉਹ ਠਹਿਰ ਕੇ ਫੈਸਲਾ ਤੁਹਾਨੂੰ ਡਾਕ ਰਾਹੀਂ ਭੇਜਣ। ਤੁਹਾਨੂੰ ਫੈਸਲੇ ਦਾ ਲਿਖਤੀ ਨੋਟਿਸ (Notice of Decision) ਡਾਕ ਰਾਹੀਂ ਮਿਲੇਗਾ ਜਿਸ ਵਿੱਚ ਫੈਸਲਾ ਅਤੇ ਉਹ ਵਜ੍ਹਾ ਜਿਸ ਕਰ ਕੇ ਤੁਹਾਡਾ ਦਾਅਵਾ ਰੱਦ ਹੋਇਆ, ਲਿਖੀ ਹੋਵੇਗੀ। ਜੇ ਤੁਹਾਡਾ ਦਾਅਵਾ ਰੱਦ ਹੋ ਗਿਆ ਹੋਵੇ ਤਾਂ ਇਸ ਵਿੱਚ ਇਹ ਵੀ ਲਿਖਿਆ ਹੋਵੇਗਾ ਕਿ ਕੀ ਤੁਸੀਂ ਰਫਿਊਜੀ ਅਪੀਲ ਡਿਵੀਯਨ (ਆਰ.ਏ.ਡੀ.) [Refugee Appeal Division (RAD)] ਕੋਲ ਅਪੀਲ ਜਾਂ ਫੈਡਰਲ ਕੋਰਟ ਵਿੱਚ ਅਰਜ਼ੀ ਦੇ ਸਕਦੇ ਹੋ ਜਾਂ ਨਹੀਂ।

**ਕਿਸੇ ਸੁਣਵਾਈ ਦੀ ਜਗ੍ਹਾ ਬਦਲਣਾ**

*ਕਨਫਰਮੇਸ਼ਨ ਆਫ ਰੈਫਰਲ* ਫਾਰਮ ਵਿੱਚ ਉਹ ਪਤਾ ਲਿਖਿਆ ਹੁੰਦਾ ਹੈ ਜਿਸ 'ਤੇ ਸਰਹੱਦੀ ਚੌਕੀ ਵਿਖੇ ਦਾਅਵਾ ਕੀਤੇ ਜਾਣ ਦੀ ਸੂਰਤ ਵਿੱਚ ਤੁਸੀਂ ਲਾਜ਼ਮੀ ਆਪਣਾ ਬੀ.ਓ.ਸੀ. ਫਾਰਮ ਦਾਇਰ ਕਰਨਾ ਹੁੰਦਾ ਹੈ। ਜੇ ਤੁਹਾਡਾ ਇਰਾਦਾ ਕਿਸੇ ਹੋਰ ਜਗ੍ਹਾ ਰਹਿਣ ਲੱਗਣ ਦਾ ਹੋਵੇ ਜਾਂ ਤੁਸੀਂ ਆਪਣੀ ਸੁਣਵਾਈ ਕਿਸੇ ਹੋਰ ਸ਼ਹਿਰ ਕਰਵਾਉਣੀ ਚਾਹੋਂ ਤਾਂ ਤੁਹਾਡੇ ਲਈ ਲਿਖਤੀ ਬੇਨਤੀ ਕਰਨਾ ਲਾਜ਼ਮੀ ਹੈ। ਇਸ ਮਕਸਦ ਲਈ ਤੁਸੀਂ ਆਈ.ਆਰ.ਬੀ. ਦੀ ਵੈੱਬਸਾਈਟ (http://www.cisr-irb.gc.ca/) 'ਤੇ ਦਿੱਤਾ ਫਾਰਮ ਵਰਤ ਸਕਦੇ ਹੋ। ਆਰ.ਪੀ.ਡੀ. ਕੋਲ ਤੁਹਾਡੀ ਦਰਖਾਸਤ ਤੁਹਾਡੀ ਕਾਰਵਾਈ ਦੀ ਤਾਰੀਖ਼ ਤੋਂ 20 ਦਿਨ ਪਹਿਲਾਂ ਪਹੁੰਚਣੀ ਲਾਜ਼ਮੀ ਹੁੰਦੀ ਹੈ। ਆਰ.ਪੀ.ਡੀ. ਦਾ ਇੱਕ ਮੈਂਬਰ ਇਹ ਫੈਸਲਾ ਕਰੇਗਾ ਕਿ ਕੀ ਜਗ੍ਹਾ ਬਦਲੀ ਦੀ ਇਜਾਜ਼ਤ ਦੇਣੀ ਹੈ ਜਾਂ ਨਹੀਂ – ਇਹ ਆਪਣੇ ਆਪ ਨਹੀਂ ਬਦਲ ਜਾਂਦੀ। ਜਦੋਂ ਤਕ ਤੁਹਾਨੂੰ ਫੈਸਲਾ ਮਿਲ ਨਾ ਜਾਵੇ, ਤੁਹਾਨੂੰ ਉਸੇ ਦਫਤਰ ਵਿੱਚ ਸੰਪਰਕ ਰੱਖਣਾ ਅਤੇ ਕਾਗਜ਼ਾਤ ਦਾਇਰ ਕਰਨੇ ਚਾਹੀਦੇ ਹਨ ਜੋ ਤੁਹਾਡੇ *ਕਨਫਰਮੇਸ਼ਨ ਆਫ ਰੈਫਰਲ* ਫਾਰਮ ਵਿੱਚ ਦੱਸਿਆ ਹੋਵੇ। ਜੇ ਤੁਹਾਡੀ ਸੁਣਵਾਈ ਦੀ ਤਾਰੀਖ ਤੈਅ ਹੋ ਚੁੱਕੀ ਹੈ ਅਤੇ ਤੁਹਾਨੂੰ ਉਸ ਤਾਰੀਖ ਤੋਂ ਪਹਿਲਾਂ ਕੋਈ ਜਵਾਬ ਨਹੀਂ ਮਿਲਦਾ, ਤਾਂ ਤੁਹਾਨੂੰ ਆਪਣੇ *ਪੇਸ਼ੀ ਦੇ ਨੋਟਿਸ* ਵਾਲੀ ਜਗ੍ਹਾ 'ਤੇ ਲਾਜ਼ਮੀ ਜਾਣਾ ਚਾਹੀਦਾ ਹੈ ਅਤੇ ਸੁਣਵਾਈ ਦੀ ਤਿਆਰੀ ਕਰਨੀ ਚਾਹੀਦੀ ਹੈ।

**ਸੁਣਵਾਈ ਦੀ ਤਾਰੀਖ ਜਾਂ ਸਮਾਂ ਬਦਲਣਾ**

ਜੇ ਤੁਸੀਂ ਆਪਣੀ ਸੁਣਵਾਈ ਦੀ ਤਾਰੀਖ ਜਾਂ ਸਮਾਂ ਬਦਲਣਾ ਚਾਹੁੰਦੇ ਹੋਵੋਂ ਤਾਂ ਤੁਹਾਡੇ ਲਈ ਲਿਖਤੀ ਦਰਖਾਸਤ ਕਰਨਾ ਲਾਜ਼ਮੀ ਹੈ। ਜੇਕਰ ਵਜ੍ਹਾ ਐਮਰਜੈਂਸੀ ਜਾਂ ਮੈਡੀਕਲ ਨਾ ਹੋਵੇ ਤਾਂ ਆਰ.ਪੀ.ਡੀ. ਨੂੰ ਤੁਹਾਡੀ ਦਰਖਾਸਤ ਤੁਹਾਡੀ ਸੁਣਵਾਈ ਦੇ ਘੱਟੋ-ਘੱਟ ਤਿੰਨ ਕਾਰੋਬਾਰੀ ਦਿਨ ਪਹਿਲਾਂ ਮਿਲ ਜਾਣੀ ਚਾਹੀਦੀ ਹੈ। ਤੁਹਾਡੀ ਸੁਣਵਾਈ ਦੀ ਤਾਰੀਖ ਜਾਂ ਸਮਾਂ ਬਦਲਣਾ ਲਈ ਆਰ.ਪੀ.ਡੀ. ਸਿਰਫ ਗੈਰ-ਮਾਮੂਲੀ ਹਾਲਾਤ ਲਈ ਹੀ ਸਹਿਮਤ ਹੋਵੇਗੀ ਜਿਵੇਂ ਮੈਡੀਕਲ ਜਾਂ ਤੁਹਾਡੇ ਕਾਬੂ ਤੋਂ ਬਾਹਰ ਵਾਲੇ ਕੋਈ ਹਾਲਾਤ ਮੌਜੂਦ ਹੋਣ। ਜੇ ਤੁਹਾਨੂੰ ਤੁਹਾਡੀ ਸੁਣਵਾਈ ਦੀ ਤਾਰੀਖ ਤੋਂ ਪਹਿਲਾਂ ਕੋਈ ਜਵਾਬ ਨਹੀਂ ਮਿਲਦਾ, ਤਾਂ ਤੁਹਾਨੂੰ ਆਪਣੇ *ਪੇਸ਼ੀ ਦੇ ਨੋਟਿਸ* ਵਾਲੀ ਜਗ੍ਹਾ 'ਤੇ ਲਾਜ਼ਮੀ ਜਾਣਾ ਚਾਹੀਦਾ ਹੈ ਅਤੇ ਸੁਣਵਾਈ ਲਈ ਤਿਆਰ ਰਹਿਣਾ ਚਾਹੀਦਾ ਹੈ।

.../3

**ਮੈਡੀਕਲ ਸਰਟੀਫਿਕੇਟ**

ਜੇ ਤੁਸੀਂ ਆਪਣੀ ਸੁਣਵਾਈ 'ਤੇ ਪੇਸ਼ ਨਹੀਂ ਹੁੰਦੇ ਜਾਂ ਮੈਡੀਕਲ ਆਧਾਰ 'ਤੇ ਬੀ.ਓ.ਸੀ. ਫਾਰਮ ਦਾਇਰ ਕਰਨ ਦੇ ਸਮੇਂ ਵਿੱਚ ਵਾਧੇ ਲਈ ਜਾਂ ਆਪਣੀ ਸੁਣਵਾਈ ਦੀ ਤਾਰੀਖ, ਸਮਾਂ ਜਾਂ ਜਗ੍ਹਾ ਬਦਲਣ ਲਈ ਦਰਖਾਸਤ ਦਿੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਮੈਡੀਕਲ ਸਰਟੀਫਿਕੇਟ ਦੇਣਾ ਪਵੇਗਾ। ਮੈਡੀਕਲ ਸਰਟੀਫਿਕੇਟ ਲਾਜ਼ਮੀ ਤੌਰ 'ਤੇ ਅਸਲ ਮੂਲ ਦਸਤਾਵੇਜ ਹੋਣਾ ਚਾਹੀਦਾ ਹੈ ਜਿਸ 'ਤੇ ਤਾਰੀਖ ਪਈ ਹੋਵੇ ਅਤੇ ਉਹ ਪੜ੍ਹਨ ਵਿੱਚ ਸੌਖਾ ਹੋਵੇ। ਇਸ 'ਤੇ ਕਿਸੇ ਡਾਕਟਰ (ਜਾਂ ਕਿਸੇ ਹੋਰ ਯੋਗ ਮੈਡੀਕਲ ਅਧਿਕਾਰੀ) ਦੇ ਦਸਤਖਤ ਹੋਣਾ ਵੀ ਲਾਜ਼ਮੀ ਹੈ ਅਤੇ ਇਸ ਉੱਪਰ ਇਸ ਡਾਕਟਰ ਦਾ ਨਾਮ ਅਤੇ ਪਤਾ ਵੀ ਲਾਜ਼ਮੀ ਲਿਖਿਆ ਜਾਂ ਮੁਹਰ ਰਾਹੀਂ ਛਪਿਆ ਹੋਣਾ ਚਾਹੀਦਾ ਹੈ। ਮੈਡੀਕਲ ਸਰਟੀਫਿਕੇਟ ਉੱਤੇ ਉਹ ਤਾਰੀਖ ਦਰਜ ਹੋਣੀ ਚਾਹੀਦੀ ਹੈ ਜਿਸ ਨੂੰ ਤੁਸੀਂ ਆਪਣੇ ਦਾਅਵੇ 'ਤੇ ਕਾਰਵਾਈ ਸ਼ੁਰੂ ਕਰ ਸਕੋਗੇ ਅਤੇ ਮੈਡੀਕਲ ਵਿਗਾੜ (ਨੋਟ ਕਰੋ ਕਿ ਮੈਡੀਕਲ ਵਿਗਾੜ ਦਾ ਨਾਮ ਦੱਸਣ ਦੀ ਲੋੜ ਨਹੀਂ ਹੁੰਦੀ) ਦੇ ਵੇਰਵੇ ਵੀ ਦਰਜ ਹੋਣੇ ਚਾਹੀਦੇ ਹਨ। ਜੇ ਤੁਸੀਂ ਵਰਤਣਾ ਚਾਹੋਂ ਤਾਂ ਇੱਕ ਮੈਡੀਕਲ ਫਾਰਮ ਆਈ.ਆਰ.ਬੀ. ਦੀ ਵੈੱਬਸਾਈਟ (http://www.cisr-irb.gc.ca) 'ਤੇ ਉਪਲਬਧ ਹੈ।

**ਸੰਪਰਕ ਜਾਣਕਾਰੀ**

ਜੇ ਤੁਹਾਡੀ ਸੰਪਰਕ ਜਾਣਕਾਰੀ ਬਦਲ ਜਾਂਦੀ ਹੈ ਤਾਂ ਤੁਹਾਨੂੰ ਤੁਰਤ ਆਈ.ਆਰ.ਬੀ. ਅਤੇ ਆਈ.ਆਰ.ਸੀ.ਸੀ. ਅਤੇ/ਜਾਂ ਸੀ.ਬੀ.ਐੱਸ.ਏ. ਨਾਲ ਲਿਖਕੇ ਸੰਪਰਕ ਕਰਨਾ ਚਾਹੀਦਾ ਹੈ। ਜੇ ਸਾਡੇ ਕੋਲ ਤੁਹਾਡੇ ਨਾਲ ਸੰਪਰਕ ਲਈ ਸਹੀ ਜਾਣਕਾਰੀ ਨਾ ਹੋਵੇ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਾਂਗੇ। ਇਸ ਨਾਲ ਤੁਹਾਡੇ ਦਾਅਵੇ ਨੂੰ ਤਿਆਗ ਦਿੱਤਾ ਗਿਆ ਐਲਾਨਿਆ ਜਾ ਸਕਦਾ ਹੈ। ਜੇ ਆਰ.ਪੀ.ਡੀ. ਤੁਹਾਡੇ ਦਾਅਵੇ ਨੂੰ ਤਿਆਗ ਦਿੱਤਾ ਗਿਆ ਐਲਾਨ ਦੇਵੇ ਤਾਂ ਤੁਸੀਂ ਆਪਣਾ ਦਾਅਵਾ ਜਾਰੀ ਨਹੀਂ ਰੱਖ ਸਕੋਂਗੇ ਅਤੇ ਨਾ ਹੀ ਭਵਿੱਖ ਵਿੱਚ ਕੋਈ ਹੋਰ ਦਾਅਵਾ ਕਰ ਸਕੋਂਗੇ।

**ਵਕੀਲ**

**ਤੁਹਾਨੂੰ ਹੱਕ ਹੈ ਕਿ ਆਪਣੇ ਖਰਚ 'ਤੇ ਵਕੀਲ** (ਜਿਵੇਂ ਲਾਇਅਰ ਜਾਂ ਇੰਗ੍ਰੇਸ਼ਨ ਕੰਸਲਟੈਂਟ) **ਤੋਂ ਨੁਮਾਇੰਦਗੀ ਲੈ ਸਕੋਂ** ਜਾਂ ਆਪਣੀ ਨੁਮਾਇੰਦਗੀ ਆਪ ਕਰ ਸਕੋਂ। ਤੁਸੀਂ ਸੂਬਾਈ ਲੀਗਲ ਏਡ ਏਜੰਸੀ ਤੋਂ ਮਦਦ ਹਾਸਲ ਕਰਨ ਦੇ ਪਾਤਰ ਵੀ ਹੋ ਸਕਦੇ ਹੋ।

**ਜੇ ਤੁਹਾਡੇ ਕੋਲ ਵਕੀਲ ਨਾ ਹੋਵੇ** ਪਰ ਵਕੀਲ ਚਾਹੁੰਦੇ ਹੋਵੋਂ, ਤੁਹਾਨੂੰ ਜਿੰਨ੍ਹੀ ਛੇਤੀ ਹੋ ਸਕੇ, ਵਕੀਲ ਕਰ ਲੈਣਾ ਚਾਹੀਦਾ ਹੈ।

**ਜੇ ਤੁਹਾਡਾ ਵਕੀਲ ਫੀਸ ਵਸੂਲ ਕਰਦਾ ਹੋਵੇ** (ਜਾਂ ਉਸ ਨੂੰ ਕੋਈ ਹੋਰ ਮੁਆਵਜ਼ਾ ਮਿਲਦਾ ਹੋਵੇ) ਤਾਂ ਤੁਹਾਡੇ ਵਕੀਲ ਲਈ ਵਕੀਲ ਦੇ ਸੰਪਰਕ ਦਾ ਫਾਰਮ (Counsel Contact Information Form) ਭਰਨਾ ਲਾਜ਼ਮੀ ਹੈ।

**ਜੇ ਤੁਹਾਡਾ ਵਕੀਲ ਕਿਸੇ ਅਖਤਿਆਰ-ਸ਼ੁਦਾ ਜੱਥੇਬੰਦੀ ਦਾ ਮੈਂਬਰ ਨਾ ਹੋਵੇ** ਤਾਂ ਉਹ ਤੁਹਾਡੀ ਨੁਮਾਇੰਦਗੀ ਤਾਂ ਹੀ ਕਰ ਸਕਦਾ ਹੈ ਜੇਕਰ ਉਹ ਫੀਸ ਨਾ ਵਸੂਲੇ। ਇਸ ਹਾਲਤ ਵਿੱਚ ਤੁਹਾਡੇ ਅਤੇ ਤੁਹਾਡੇ ਵਕੀਲ ਲਈ ਬਿਨਾ ਕਿਸੇ ਫੀਸ ਜਾਂ ਹੋਰ ਮੁਆਵਜ਼ੇ ਦੇ ਨੁਮਾਇੰਦਗੀ ਦਾ ਫਾਰਮ (Notice of Representation Without a Fee or Other Consideration) ਭਰਨਾ ਲਾਜ਼ਮੀ ਹੁੰਦਾ ਹੈ।

**ਜੇ ਤੁਸੀਂ ਵਕੀਲ ਕਰਦੇ ਜਾਂ ਬਦਲਦੇ ਹੋ**, ਤੁਹਾਨੂੰ ਲਾਜ਼ਮੀ ਤੁਰਤ ਆਈ.ਆਰ.ਬੀ. ਅਤੇ ਆਈ.ਆਰ.ਸੀ.ਸੀ. ਅਤੇ/ਜਾਂ ਸੀ.ਬੀ.ਐੱਸ.ਏ. ਨੂੰ ਲਿਖਕੇ ਆਪਣੇ ਵਕੀਲ ਦਾ ਨਾਮ, ਪਤਾ ਅਤੇ ਫੋਨ ਨੰਬਰ, ਫੈਕਸ ਨੰਬਰ ਅਤੇ ਈਮੇਲ ਐਡਰੈੱਸ ਦੇਣਾ ਚਾਹੀਦਾ ਹੈ।

**ਜੇ ਤੁਸੀਂ ਵਕੀਲ ਉਦੋਂ ਕਰਦੇ ਹੋ ਜਦੋਂ ਤੁਹਾਡੀ ਸੁਣਵਾਈ ਦੀ ਤਾਰੀਖ ਪਹਿਲਾਂ ਹੀ ਤੈਅ ਹੋ ਚੁੱਕੀ ਹੋਵੇ**, ਤੁਹਾਡਾ ਵਕੀਲ ਮਿੱਥੀ ਤਾਰੀਖ ਨੂੰ ਲਾਜ਼ਮੀ ਉਪਲਬਧ ਅਤੇ ਕਾਰਵਾਈ ਲਈ ਤਿਆਰ ਹੋਣਾ ਚਾਹੀਦਾ ਹੈ। ਆਰ.ਪੀ.ਡੀ. ਆਮ ਤੌਰ 'ਤੇ ਇਸ ਵਜ੍ਹਾ ਨਾਲ ਸੁਣਵਾਈ ਦੀ ਤਾਰੀਖ ਜਾਂ ਸਮਾਂ ਨਹੀਂ ਬਦਲਦੀ ਕਿ ਤੁਹਾਡਾ ਵਕੀਲ ਉਸ ਦਿਨ ਆ ਨਹੀਂ ਸਕਦਾ।

**ਜੇ ਤੁਸੀਂ ਵਕੀਲ ਬਦਲੋਂ**, ਤੁਹਾਨੂੰ ਲਈ ਆਪਣੇ ਦਾਅਵੇ ਨਾਲ ਸੰਬੰਧਤ ਸਾਰੇ ਕਾਗਜ਼ਾਤ ਆਪਣੇ ਨਵੇਂ ਵਕੀਲ ਨੂੰ ਦੇਣੇ ਲਾਜ਼ਮੀ ਹਨ। ਇਨ੍ਹਾਂ ਵਿੱਚ ਉਹ ਦਸਤਾਵੇਜ ਵੀ ਸ਼ਾਮਲ ਹਨ ਜਿਹੜੇ ਤੁਹਾਡੇ ਪਹਿਲੇ ਵਕੀਲ ਨੂੰ ਦਿੱਤੇ ਗਏ ਹੋ ਸਕਦੇ ਹਨ, ਚਾਹੇ ਤੁਸੀਂ ਦਿੱਤੇ ਹੋਣ ਜਾਂ ਆਰ.ਪੀ.ਡੀ. ਨੇ ਜਾਂ ਕਿਸੇ ਹੋਰ ਧਿਰ ਨੇ।

**ਦਸਤਾਵੇਜਾਂ ਅਤੇ ਗਵਾਹ ਦੀ ਵਰਤੋਂ**

ਆਪਣੇ ਦਾਅਵੇ ਦੀ ਹਿਮਾਇਤ ਵਿੱਚ ਪੁਲਿਸ ਰਿਪੋਰਟਾਂ, ਮੈਡੀਕਲ ਰਿਕਾਰਡ ਅਤੇ ਅਖਬਾਰਾਂ ਦੇ ਲੇਖਾਂ ਵਰਗੇ **ਜੋ ਵੀ ਦਸਤਾਵੇਜ ਤੁਸੀਂ ਪੇਸ਼ ਕਰ ਸਕੋਂ, ਤੁਹਾਨੂੰ ਹਾਸਲ ਕਰਨੇ ਅਤੇ ਪੇਸ਼ ਕਰਨੇ ਚਾਹੀਦੇ ਹਨ।** ਜੇ ਤੁਸੀਂ ਸੁਣਵਾਈ 'ਤੇ ਕੋਈ ਦਸਤਾਵੇਜ ਵਰਤਣਾ ਚਾਹੁੰਦੇ ਹੋਵੋਂ ਤਾਂ ਤੁਸੀਂ ਇਹ ਗੱਲ ਪੱਕੀ ਕਰਨੀ ਹੋਵੇਗੀ ਕਿ ਇਹ ਦਸਤਾਵੇਜ ਆਰ.ਪੀ.ਡੀ. ਨੂੰ ਹਾਸਲ ਹੋਣ ਵਿੱਚ ਤੁਹਾਡੀ ਸੁਣਵਾਈ ਦੀ ਤਾਰੀਖ਼ ਤੋਂ 10 ਦਿਨ ਪਹਿਲਾਂ ਦੀ ਤਾਰੀਖ ਤੋਂ ਦੇਰੀ ਨਾਲ ਨਹੀਂ ਪਹੁੰਚਣਾ ਚਾਹੀਦਾ। ਮੂਲ ਦਸਤਾਵੇਜ ਤੁਹਾਨੂੰ ਸੁਣਵਾਈ ਦੇ ਆਰੰਭ 'ਤੇ ਪੇਸ਼ ਕਰਨਾ ਪਵੇਗਾ। ਜੇ ਤੁਸੀਂ ਇੱਕ ਤੋਂ ਵਧੇਰੇ ਦਸਤਾਵੇਜ ਪ੍ਰਦਾਨ ਕਰ ਰਹੇ ਹੋਵੋਂ ਤਾਂ ਤੁਹਾਨੂੰ ਦਸਤਾਵੇਜਾਂ ਦੀ ਇੱਕ ਸੂਚੀ ਵੀ ਨੱਥੀ ਕਰਨੀ ਪਵੇਗੀ ਅਤੇ ਹਰ ਪੰਨੇ 'ਤੇ ਵਾਰੀ ਸਿਰ ਇਉਂ ਨੰਬਰ ਲਾਉਣੇ ਪੈਣਗੇ ਜਿਵੇਂ ਕਿ ਇਹ ਸਾਰੇ ਇੱਕ ਹੀ ਦਸਾਤਾਵੇਜ ਹੋਣ।

.../4

**ਜੇ ਤੁਸੀਂ ਅਜਿਹੇ ਦਸਤਾਵੇਜ ਵਰਤਣੇ ਚਾਹੋਂ ਜੋ ਅੰਗਰੇਜ਼ੀ ਜਾਂ ਫਰੈਂਚ ਵਿੱਚ ਨਾ ਹੋਣ**, ਤੁਹਾਨੂੰ ਇਨ੍ਹਾਂ ਦਸਤਾਵੇਜਾਂ ਦਾ ਅੰਗਰੇਜ਼ੀ ਜਾਂ ਫਰੈਂਚ ਵਿੱਚ ਸਰਟੀਫਾਈਡ ਤਰਜਮਾ ਪ੍ਰਦਾਨ ਕਰਨਾ ਪਵੇਗਾ।

**ਜੇ ਤੁਸੀਂ ਕੋਈ ਗਵਾਹ ਪੇਸ਼ ਕਰਨਾ ਹੋਵੇ** ਤਾਂ ਆਰ.ਪੀ.ਡੀ. ਕੋਲ ਗਵਾਹ ਬਾਰੇ ਜਾਣਕਾਰੀ (ਸੰਪਰਕ ਜਾਣਕਾਰੀ ਅਤੇ ਉਸਨੇ ਕੀ ਗਵਾਹੀ ਦੇਣੀ ਹੈ, ਸਮੇਤ) ਤੁਹਾਡੀ ਸੁਣਵਾਈ ਦੀ ਤਾਰੀਖ਼ ਤੋਂ 10 ਦਿਨ ਪਹਿਲਾਂ ਦੀ ਤਾਰੀਖ ਤੋਂ ਦੇਰੀ ਨਾਲ ਨਹੀਂ ਪਹੁੰਚਣੀ ਚਾਹੀਦੀ।

## ਸ਼ਨਾਖਤ ਦੇ ਦਸਤਾਵੇਜ

ਤੁਹਾਨੂੰ ਇਸ ਤਰ੍ਹਾਂ ਦੇ ਦਸਤਾਵੇਜ ਲਾਜ਼ਮੀ ਪੇਸ਼ ਕਰਨੇ ਪੈਣਗੇ ਜਿਨ੍ਹਾਂ ਤੋਂ ਤੁਹਾਡੀ ਸ਼ਨਾਖਤ ਤੈਅ ਹੋਵੇ। ਇਨ੍ਹਾਂ ਦਸਤਾਵੇਜਾਂ ਦੇ ਮੂਲ ਤੁਹਾਨੂੰ ਸੁਣਵਾਈ ਦੇ ਆਰੰਭ ’ਤੇ ਲਾਜ਼ਮੀ ਪੇਸ਼ ਕਰਨੇ ਪੈਣਗੇ। ਜੇ ਤੁਸੀਂ ਇਹ ਦਸਤਾਵੇਜ ਨਹੀਂ ਪ੍ਰਦਾਨ ਕਰ ਸਕਦੇ, ਤੁਹਾਨੂੰ ਇਹ ਸਫਾਈ ਦੇਣੀ ਪਵੇਗੀ ਕਿ ਤੁਸੀਂ ਇਹ ਦਸਤਾਵੇਜ ਕਿਉਂ ਨਹੀਂ ਪ੍ਰਦਾਨ ਕਰ ਸਕਦੇ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਤੁਸੀਂ ਕੀ ਯਤਨ ਕੀਤੇ ਸਨ।

## ਬੋਲੀ ਅਤੇ ਤਰਜਮਾਕਾਰ

ਤੁਹਾਡੀ ਸੁਣਵਾਈ ਤੁਹਾਡੇ ਵੱਲੋਂ ਚੁਣੀ ਗਈ ਸਰਕਾਰੀ ਬੋਲੀ (ਅੰਗਰੇਜ਼ੀ ਜਾਂ ਫਰੈਂਚ) ਵਿੱਚ ਹੋਵੇਗੀ।

ਜੇ ਬੇਨਤੀ ਕੀਤੀ ਗਈ ਹੋਵੇ, ਤੁਹਾਨੂੰ ਤੁਹਾਡੀ ਮਰਜ਼ੀ ਦੀ ਬੋਲੀ/ਉਪ-ਬੋਲੀ ਦਾ ਤਰਜਮਾਕਾਰ ਪ੍ਰਦਾਨ ਕੀਤਾ ਜਾਵੇਗਾ।

ਜੇ ਤੁਸੀਂ ਆਪਣੀ ਸੁਣਵਾਈ ਲਈ ਸਰਕਾਰੀ ਬੋਲੀ ਬਦਲਣਾ ਚਾਹੋਂ ਤਾਂ ਤੁਹਾਡੇ ਲਈ ਆਈ.ਆਰ.ਬੀ., ਆਈ.ਆਰ.ਸੀ.ਸੀ. ਅਤੇ/ਜਾਂ ਸੀ.ਬੀ.ਐੱਸ.ਏ. ਨੂੰ ਲਿਖਤੀ ਇਤਲਾਹ ਦੇਣੀ ਪਵੇਗੀ ਜੋ ਤੁਹਾਡੀ ਸੁਣਵਾਈ ਦੀ ਤਾਰੀਖ਼ ਤੋਂ 10 ਦਿਨ ਪਹਿਲਾਂ ਦੀ ਤਾਰੀਖ ਤੋਂ ਦੇਰੀ ਨਾਲ ਨਹੀਂ ਪਹੁੰਚਣੀ ਚਾਹੀਦੀ।

ਜੇ ਤੁਸੀਂ ਆਪਣੀ ਤਰਜਮੇ ਦੀ ਬੋਲੀ ਬਦਲਣਾ ਚਾਹੋਂ ਤਾਂ ਤੁਹਾਡੇ ਲਈ ਆਰ.ਪੀ.ਡੀ. ਨੂੰ ਲਿਖਤੀ ਇਤਲਾਹ ਦੇਣੀ ਪਵੇਗੀ ਜੋ ਤੁਹਾਡੀ ਸੁਣਵਾਈ ਦੀ ਤਾਰੀਖ਼ ਤੋਂ 10 ਦਿਨ ਪਹਿਲਾਂ ਦੀ ਤਾਰੀਖ ਤੋਂ ਦੇਰੀ ਨਾਲ ਨਹੀਂ ਪਹੁੰਚਣੀ ਚਾਹੀਦੀ।

## ਕੌਮੀ ਦਸਤਾਵੇਜਾਂ ਦੇ ਪੈਕੇਜ

ਆਈ.ਆਰ.ਬੀ. ਹਰ ਉਸ ਮੁਲਕ ਬਾਰੇ ਕੌਮੀ ਦਸਤਾਵੇਜਾਂ ਦੇ ਪੈਕੇਜ (ਐੱਨ.ਡੀ.ਪੀ.) [National Documentation Packages (NDP)] ਤਿਆਰ ਕਰਦਾ ਹੈ ਜਿਸ ਤੋਂ ਰਫਿਊਜੀ ਵਜੋਂ ਹਿਫਾਜ਼ਤ ਵਾਸਤੇ ਕੋਈ ਦਾਅਵਾ ਹੋਇਆ ਹੋਵੇ। ਤੁਹਾਨੂੰ ਚਾਹੀਦਾ ਹੈ ਕਿ ਐੱਨ.ਡੀ.ਪੀ. ਵੱਲੋਂ ਤੁਹਾਡੇ ਮੁਲਕ ਬਾਰੇ ਪੇਸ਼ ਦਸਤਾਵੇਜ ਪੜ੍ਹ ਲਵੋਂ ਕਿਉਂਕਿ ਤੁਹਾਡੇ ਮਾਮਲੇ ਦਾ ਫੈਸਲਾ ਕਰਨ ਵਿੱਚ ਆਰ.ਪੀ.ਡੀ. ਵੱਲੋਂ ਇਨ੍ਹਾਂ ’ਤੇ ਗੌਰ ਕੀਤਾ ਜਾਵੇਗਾ। ਐੱਨ.ਡੀ.ਪੀ. ਵਿੱਚ ਅਜਿਹੇ ਦਸਤਾਵੇਜ ਹੁੰਦੇ ਹਨ ਜੋ ਮੁਲਕ ਦੇ ਹਾਲਾਤ, ਜਿਵੇਂ ਅੰਤਰਾਸ਼ਟਰੀ ਜੱਥੇਬੰਦੀਆਂ ਵੱਲੋਂ ਮਨੁੱਖੀ ਹੱਕਾਂ ਬਾਰੇ ਰਿਪੋਰਟਾਂ, ਬਾਰੇ ਦੱਸਿਆ ਹੁੰਦਾ ਹੈ। ਆਪਣੀ ਸੁਣਵਾਈ ਤੋਂ ਪਹਿਲਾਂ ਤੁਹਾਨੂੰ ਐੱਨ.ਡੀ.ਪੀ. ਦੇ ਤਾਜ਼ਾ-ਤਰੀਨ ਰੂਪਾਂਤਰ ਲਈ ਆਈ.ਆਰ.ਬੀ. ਦੀ ਵੈੱਬਸਾਈਟ ਵੀ ਚੈੱਕ ਕਰ ਲੈਣੀ ਚਾਹੀਦੀ ਹੈ। ਐੱਨ.ਡੀ.ਪੀ.ਦੀ ਇੱਕ ਨਕਲ ਅਤੇ ਹੋਰ ਜਾਣਕਾਰੀ ਆਈ.ਆਰ.ਬੀ. ਦੀ ਵੈੱਬਸਾਈਟ (http://www.cisr-irb.gc.ca) ’ਤੇ ਵੇਖੀ ਜਾ ਸਕਦੀ ਹੈ।

ਹੋਰ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਦਾਅਵੇਦਾਰਾਂ ਲਈ ਸੇਧ ਪੁਸਤਕ (*Claimant’s Guide*) ਵੇਖੋ ਜਾਂ ਹੇਠ ਲਿਖੇ ਪਤੇ ’ਤੇ ਰਜਿਸਟਰੀ ਦਫਤਰ ਨਾਲ ਸੰਪਰਕ ਕਰੋ:

## ਆਰ.ਪੀ.ਡੀ. ਰਜਿਸਟਰੀ ਦਫ਼ਤਰ

Eastern Region

Montréal
Guy-Favreau Complex
200 René-Lévesque Blvd. West
East Tower, Room 102
Montreal, Quebec H2Z 1X4
Telephone: 514-283-7733 or
1-866-626-8719
Fax: 514-283-0164

Central Region

Toronto
74 Victoria Street, Suite 400
Toronto, Ontario M5C 3C7
Telephone: 416-954-1000
Fax: 416-954-1165

Western Region

Vancouver
300 West Georgia Street,
Suite 1600
Vancouver, BC V6B 6C9
Telephone: 604-666-5946 or
1-866-787-7472
Fax: 604-666-3043